## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜਾਦਾ ਅਜੀਤ ਸਿੰਘ ਨਗਰ-160062

(ਕਾਰਜ ਸੰਚਾਲਨ ਸ਼ਾਖਾ )

ਨੰ:ਪਸਸਬ-ਕਸ-2024 2019-2021

ਮਿਤੀ: 20-6-2024

ਵੱਲ

ਸਮੂਹ ਪ੍ਰਿੰਸੀਪਲ, ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ।

ਵਿਸ਼ਾ:- ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਅਨੁਪੂਰਕ ਪ੍ਰਯੋਗੀ ਪਰੀਖਿਆ ਜੁਲਾਈ 2024 ਦੇ ਸੰਚਾਲਨ ਸਬੰਧੀ ।

---

ਵਿਸ਼ੇ ਅਧੀਨ ਪ੍ਰਯੋਗੀ ਪਰੀਖਿਆਵਾਂ ਮਿਤੀ 22-07-2024 ਤੋਂ 26-07-2024 ਤੱਕ ਜਿਲ੍ਹਾ/ ਤਹਿਸੀਲ ਪੱਧਰ ਤੇ ਲਿਖਤੀ ਪਰੀਖਿਆ ਲਈ ਸਥਾਪਿਤ ਪਰੀਖਿਆ ਕੇਂਦਰਾਂ ਵਿੱਚ ਹੀ ਕਰਵਾਈਆਂ ਜਾ ਰਹੀਆਂ ਹਨ। ਪਰੀਖਿਆਵਾਂ ਦਾ ਸੰਚਾਲਨ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ:-

**ਦਸਵੀਂ ਸ਼੍ਰੇਣੀ ਲਈ**

(ੳ) ਦਸਵੀਂ ਸ਼੍ਰੇਣੀ ਦੀ ਪ੍ਰਯੋਗੀ ਪਰੀਖਿਆ , ਪਰੀਖਿਆ ਕੇਂਦਰ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਪਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗਰੁੱਪ ਬਣਾਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇਗੀ।

**ਬਾਰ੍ਹਵੀਂ ਸ਼੍ਰੇਣੀ ਲਈ**

(ੳ) ਦਫਤਰ ਵਲੋਂ ਫਿਜਿਕਸ, ਕਮਿਸਟਰੀ, ਬਾਇਓਲੋਜੀ, ਅਕਾਊਂਟੈਂਸੀ-2 , ਫੰਡਾਮੈਂਟਲ ਆਫ ਈ ਬਿਜਨਸ ਅਤੇ ਹੋਮ ਸਾਇੰਸ ਵਿਸ਼ਿਆਂ ਦੇ ਪ੍ਰਸ਼ਨ ਪੱਤਰ ਆਨ ਲਾਈਨ ਵਿਧੀ ਰਾਹੀਂ ਡੇਟਸ਼ੀਟ ਵਿੱਚ ਦਰਜ ਮਿਤੀਆਂ ਅਨੁਸਾਰ ਭੇਜੇ ਜਾ ਰਹੇ ਹਨ। ਪਰੀਖਿਆ ਕੇਂਦਰ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਂਣ ਵਾਲੇ ਅਧਿਆਪਕ ਹੀ ਸਬੰਧਤ ਵਿਸ਼ੇ ਦੀ ਪ੍ਰਯੋਗੀ ਪਰੀਖਿਆ ਕਰਵਾਉਣਗੇ, ਇਨ੍ਹਾਂ ਵਿਸ਼ਿਆਂ ਦੀ ਪਰੀਖਿਆ ਕਰਵਾਉਣ ਲਈ ਉੱਤਰ ਪੱਤਰੀਆਂ ਖੇਤਰੀ ਦਫਤਰ ਤੋਂ ਪ੍ਰਾਪਤ ਕਰ ਲਈਆਂ ਜਾਣ।

ਅ) ਬਾਕੀ ਰਹਿੰਦੇ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ , ਪਰੀਖਿਆ ਕੇਂਦਰ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਂਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈ ਜਾਵੇਗੀ।

ਨੋਟ:-

1. ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਪ੍ਰਯੋਗੀ ਪਰੀਖਿਆਵਾਂ ਸਬੰਧੀ ਪ੍ਰੋਗਰਾਮ ਚਾਰਟ ਦੀ ਕਾਪੀ ਆਪ ਨੂੰ ਸਕੂਲ ਦੀ ਲਾਗਇਨ ਆਈ.ਡੀ. ਤੇ ਭੇਜੀ ਜਾ ਰਹੀ ਹੈ। ਜੇਕਰ ਕਿਸੇ ਵੀ ਕਿਸਮ ਦੀ ਕੋਈ ਤਰੁੱਟੀ ਹੋਵੇ ਤਾਂ ਪ੍ਰੋਗਰਾਮ ਚਾਰਟ ਤੇ ਦਰਸਾਏ ਫੋਨ ਨੰਬਰ ਤੇ ਸੰਪਰਕ ਕੀਤਾ ਜਾਵੇ ਤਾਂ ਜੋ ਇਸ ਸੰਬਧੀ ਲੋੜੀਂਦੇ ਪ੍ਰਬੰਧ ਕੀਤੇ ਜਾ ਸਕਣ।
2. ਪ੍ਰਸ਼ਨ ਪੱਤਰ ਆਨ ਲਾਈਨ ਪੋਟਲ ਰਾਹੀਂ ਸਵੇਰ ਦੇ ਸੈਸ਼ਨ ਵਿੱਚ 9.00 ਤੋਂ 10.00 ਵਜੇ ਤੱਕ ਅਤੇ ਸ਼ਾਮ ਦੇ ਸੈਸ਼ਨ ਵਿੱਚ 01.00 ਤੋਂ 02.00 ਵਜੇ ਤੱਕ ਡਾਊਨਲੋਡ ਕੀਤਾ ਜਾ ਸਕੇਗਾ। ਇਸ ਸਮੇਂ ਤੋਂ ਬਾਅਦ ਪ੍ਰਸ਼ਨ ਪੱਤਰ ਡਾਊਨਲੋਡ ਨਹੀਂ ਹੋਵੇਗਾ। ਪ੍ਰਸ਼ਨ ਪੱਤਰ ਸਮੇਂ ਸਿਰ ਡਾਊਨਲੋਡ ਕਰਨ ਦੀ ਸਮੁੱਚੀ ਜਿੰਮੇਵਾਰੀ ਸਬੰਧਤ ਪਰੀਖਿਆ ਕੇਂਦਰ ਦੇ ਕੇਂਦਰ ਕੰਟਰੋਲਰ ਦੀ ਹੋਵੇਗੀ।
3. ਪਰੀਖਿਆ ਦੇ ਰਹੇ ਪਰੀਖਿਆਰਥੀਆਂ ਦੀ ਵੰਡ ਇਸ ਤਰ੍ਹਾਂ ਕੀਤੀ ਜਾਵੇ ਕਿ ਕਿਸੇ ਪਰੀਖਿਆਰਥੀ ਦੀ ਪ੍ਰਯੋਗੀ ਪ੍ਰੀਖਿਆ ਦੇ ਵਿਸ਼ਿਆਂ ਦਾ ਆਪਸੀ ਕਲੈਸ਼ ਨਾ ਹੋਵੇ ਅਤੇ ਪਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗਰੁੱਪ ਬਣਾਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇ। ਪ੍ਰੀਖਿਅਕ ਵੱਲੋਂ ਪਰੀਖਿਆ ਖਤਮ ਹੋਣ ਤੇ ਉਸੇ ਦਿਨ ਅੰਕ ਸੂਚੀਆਂ ਦਫਤਰੀ ਹਦਾਇਤਾਂ ਅਨੁਸਾਰ ਆਨ-ਲਾਈਨ ਅਪਲੋਡ ਕੀਤੀਆਂ ਜਾਣ।
4. ਪ੍ਰਯੋਗੀ ਪਰੀਖਿਆ ਤੋਂ ਪਹਿਲਾਂ ਸਕੂਲ ਵਿੱਚ ਇੰਟਰਨੈਟ, ਕੰਪਿਊਟਰ ਪ੍ਰਿੰਟਰ ਅਤੇ ਜਨਰੇਟਰ ਚੈਕ ਕਰ ਲਏ ਜਾਣ ਤਾਂ ਜੋ ਪ੍ਰਸ਼ਨ ਪੱਤਰ ਡਾਊਨਲੋਡ / ਪ੍ਰਿੰਟ ਕਰਨ ਵਿੱਚ ਮੁਸ਼ਕਿਲ ਪੇਸ਼ ਨਾ ਆਵੇ।
5. ਦਫਤਰ ਵੱਲੋਂ ਕਿਸੇ ਵੀ ਪ੍ਰੀਖਿਅਕ ਨੂੰ ਕੋਈ ਅਦਾਇਗੀ/ਮਿਹਨਤਾਨਾ ਨਹੀਂ ਦਿੱਤਾ ਜਾਵੇਗਾ।
6. ਪ੍ਰਯੋਗੀ ਵਿਸ਼ਿਆਂ ਦੀਆਂ ਉੱਤਰ-ਪੱਤਰੀਆਂ ਸਕੂਲ ਮੁੱਖੀ ਆਪਣੀ ਕਸਟੱਡੀ ਵਿੱਚ ਰਿਕਾਰਡ ਹਿੱਤ ਰੱਖਣਗੇ ਤਾਂ ਜੋ ਪਰੀਖਿਆਰਥੀਆਂ ਨੂੰ ਦਿੱਤੇ ਗਏ ਅੰਕਾਂ ਦੀ ਲੋੜ ਪੈਣ ਤੇ ਕਿਸੇ ਸਮੇਂ ਪੜਤਾਲ ਕੀਤੀ ਜਾ ਸਕਦੀ ਹੈ।
7. ਪ੍ਰਯੋਗੀ ਪਰੀਖਿਆ ਖਤਮ ਹੋਣ ਉਪਰੰਤ ਪਰੀਖਿਆਰਥੀਆਂ ਦੇ ਹਸਤਾਖਰ ਚਾਰਟ ਮਿਤੀ 27-07-2024 ਤੱਕ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਵਿਖੇ ਜਮ੍ਹਾ ਕਰਵਾਏ ਜਾਣ।
8. ਪਰੀਖਿਆ ਸਬੰਧੀ ਸਬੰਧਤ ਜਿਲ੍ਹਾ ਡੀਲਿੰਗ ਸੀਨੀ. ਸਹਾਇਕ ਵੱਲੋਂ ਬਣਾਏ Whatapps Group ਤੇ ਲੋੜ ਅਨੁਸਾਰ ਵਧੇਰੇ ਸੂਚਨਾ ਸਾਂਝੀ ਕੀਤੀ ਜਾਵੇਗੀ।
9. ਸਮੂਹ ਪਰੀਖਿਅਕ ਅਮਲੇ ਨੂੰ ਹਦਾਇਤ ਕੀਤੀ ਜਾਵੇ ਕਿ ਪਰੀਖਿਆ ਸਮੇਂ ਪਰੀਖਿਆ ਕੇਂਦਰ ਅੰਦਰ ਸਨੈਕਸ ਵਗੈਰਾ ਬਿਲਕੁੱਲ ਨਾ ਲਏ ਜਾਣ ਕਿਉਂਕਿ ਇਸ ਨਾਲ ਪਰੀਖਿਆਰਥੀਆਂ ਦੀ ਇਕਾਗਰਤਾ ਭੰਗ ਹੁੰਦੀ ਹੈ। ਕੇਵਲ ਚਾਹ ਦਾ ਕੱਪ ਲਿਆ ਜਾ ਸਕਦਾ ਹੈ।
10. NSQF ਦੀ ਪ੍ਰਯੋਗੀ ਪਰੀਖਿਆ NSDC ਰਾਹੀਂ Skill Council ਦੇ ਪਰੀਖਿਅਕਾਂ ਵੱਲੋਂ ਕਾਰਵਾਈ ਜਾਵੇਗੀ।

ਜਰੂਰਤ ਪੈਣ ਤੇ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-

1. ਉਪ ਸਕੱਤਰ / ਸਹਾਇਕ ਸਕੱਤਰ (ਕ.ਸ) 0172-5227334
2. ਸੁਪਰਡੰਟ (ਕਸ) 0172-5227303,338,339,340
3. ਕੋਆਰਡੀਨੇਟਰ (NSQF) 9988693393

ਪ੍ਰਯੋਗੀ ਪਰੀਖਿਆ ਸਬੰਧੀ ਹਸਤਾਖਰ ਚਾਰਟ ਆਈ.ਡੀ. ਤੇ ਅਪ-ਲੋਡ ਨਾ ਹੋਣ ਕਾਰਨ/ ਰੋਲ ਨੰਬਰ ਜਾਂ ਅੰਕ ਅਪਲੋਡ ਕਰਨ ਵਿੱਚ ਕੋਈ ਮੁਸ਼ਕਿਲ ਆਉਣ ਅਤੇ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-

5. ਸਹਾਇਕ ਸਕੱਤਰ (ਬਾਰ੍ਹਵੀਂ) 0172-5227305, 319
6. ਸਹਾਇਕ ਸਕੱਤਰ (ਦਸਵੀਂ) 0172-5227284, 290

ਈ-ਮੇਲ ਆਈ.ਡੀ srsecconduct.pseb@punjab.gov.in

ਸਹਾਇਕ ਸਕੱਤਰ (ਕਾਰਜ ਸੰਚਾਲਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ